
# ਨਾਮ ਦਰਜ ਕਰਾਉਣ ਅਤੇ ਵੋਟ ਪਾਉਣ ਲਈ ਤਿਆਰ ਹੋਵੋ



ELECTORAL COMMISSION
TE KAITIAKI TAKE KŌWHIRI

ROE47 A4 Punjabi 04/2026

## ਵੋਟ ਪਾਉਣ ਲਈ ਨਾਮ ਕਿਉਂ ਦਰਜ ਕਰਵਾਈਏ?

ਜੇ ਤੁਸੀਂ ਵੋਟ ਪਾਉਣ ਲਈ ਨਾਮ ਦਰਜ ਕਰਵਾਇਆ ਹੈ, ਤਾਂ ਤੁਹਾਨੂੰ ਆਮ ਚੋਣਾਂ, ਸਥਾਨਕ ਚੋਣਾਂ ਅਤੇ ਜਨਮਤ-ਸੰਗ੍ਰਿਹਾਂ ਵਿੱਚ ਆਪਣੀ ਰਾਇ ਪ੍ਰਗਟ ਕਰਨ ਦਾ ਮੌਕਾ ਮਿਲਦਾ ਹੈ। ਚੋਣਾਂ ਤੁਹਾਡੇ ਲਈ ਇਸ ਬਾਰੇ ਆਪਣੀ ਗੱਲ ਕਹਿਣ ਦਾ ਮੌਕਾ ਹੁੰਦੀਆਂ ਹਨ ਕਿ ਜਿਹੜੇ ਮਸਲਿਆਂ ਦੀ ਤੁਸੀਂ ਪਰਵਾਹ ਕਰਦੇ ਹੋ ਉਹਨਾਂ ਬਾਬਤ ਪਾਰਲੀਮੈਂਟ ਜਾਂ ਤੁਹਾਡੀ ਸਥਾਨਕ ਕਾਊਂਸਲ ਵਿੱਚ ਤੁਹਾਡੀ ਨੁਮਾਇੰਦਗੀ ਕੌਣ ਕਰਦਾ ਹੈ।

**ਵੋਟ ਪਾਉਣ ਲਈ ਨਾਮ ਦਰਜ ਕਰਵਾ ਕੇ ਯਕੀਨੀ ਬਣਾਓ ਕਿ ਤੁਹਾਡੀ ਆਵਾਜ਼ ਸੁਣੀ ਜਾਂਦੀ ਹੈ।**

## ਵੋਟ ਪਾਉਣ ਲਈ ਕੌਣ ਨਾਮ ਦਰਜ ਕਰਵਾ ਸਕਦਾ ਹੈ?

ਤੁਹਾਡੇ ਲਈ ਨਾਮ ਦਰਜ ਕਰਾਉਣਾ ਜ਼ਰੂਰੀ ਹੈ ਜੇ ਤੁਸੀਂ:

- **18 ਸਾਲਾਂ ਜਾਂ ਇਸ ਤੋਂ ਵੱਡੀ ਉਮਰ ਦੇ ਹੋ, ਅਤੇ**
- **ਚੋਣ ਦੇ ਮਕਸਦਾਂ ਵਾਸਤੇ ਨਿਊਜ਼ੀਲੈਂਡ ਦੇ ਨਾਗਰਿਕ ਜਾਂ ਨਿਵਾਸੀ ਹੋ, ਅਤੇ**
- **ਆਪਣੀ ਜ਼ਿੰਦਗੀ ਵਿੱਚ ਕਿਸੇ ਸਮੇਂ ਲਗਾਤਾਰ 12 ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਨਿਊਜ਼ੀਲੈਂਡ ਵਿੱਚ ਰਹੇ ਹੋ।**

ਜੇਕਰ ਤੁਸੀਂ ਨਿਊਜ਼ੀਲੈਂਡ ਵਿੱਚ ਕਾਨੂੰਨੀ ਤੌਰ 'ਤੇ ਰਹਿ ਰਹੇ ਹੋ ਅਤੇ ਤੁਹਾਨੂੰ ਇੱਕ ਨਿਸ਼ਚਿਤ ਸਮੇਂ ਦੇ ਅੰਦਰ ਚਲੇ ਜਾਣ ਦੀ ਲੋੜ ਨਹੀਂ ਹੈ ਤਾਂ ਤੁਸੀਂ ਚੋਣ ਉਦੇਸ਼ਾਂ ਲਈ ਨਿਵਾਸੀ ਹੋ। ਇਸ ਵਿੱਚ ਕੋਈ ਅਜਿਹਾ ਵਿਅਕਤੀ ਵੀ ਸ਼ਾਮਲ ਹੈ ਜੋ ਰੈਜੀਡੈਂਟ ਵੀਜ਼ੇ 'ਤੇ ਹੈ।

ਜੇਕਰ ਤੁਸੀਂ ਆਸਟ੍ਰੇਲੀਆਈ, ਨਿਯੂਨ, ਟੋਕੇਲਾਉਨ ਜਾਂ ਕੁੱਕ ਆਈਲੈਂਡ ਦੇ ਨਿਵਾਸੀ ਹੋ, ਤਾਂ ਤੁਸੀਂ ਨਾਮ ਦਰਜ ਕਰਵਾ ਸਕਦੇ ਹੋ ਜੇ ਤੁਸੀਂ ਲਗਾਤਾਰ 12 ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਨਿਊਜ਼ੀਲੈਂਡ ਵਿੱਚ ਰਹੇ ਹੋ।

ਜੇ ਤੁਸੀਂ ਵਿਦੇਸ਼ ਵਿੱਚ ਰਹਿੰਦੇ ਹੋ, ਤਾਂ ਤੁਸੀਂ ਵੋਟ ਪਾਉਣ ਲਈ ਨਾਮ ਦਰਜ ਕਰਵਾ ਸਕਦੇ ਹੋ ਜੇ ਤੁਸੀਂ:

- **18 ਸਾਲਾਂ ਜਾਂ ਇਸ ਤੋਂ ਵੱਡੀ ਉਮਰ ਦੇ ਹੋ, ਅਤੇ**
- **ਆਪਣੇ ਜੀਵਨ ਦੇ ਕਿਸੇ ਸਮੇਂ 'ਤੇ ਲਗਾਤਾਰ 12 ਮਹੀਨਿਆਂ ਤੋਂ ਵੱਧ ਸਮੇਂ ਲਈ ਨਿਊਜ਼ੀਲੈਂਡ ਵਿੱਚ ਰਹੇ ਹੋ, ਅਤੇ**
- ਤੁਸੀਂ ਇਹਨਾਂ ਵਿੱਚੋਂ ਇੱਕ ਹੋ: ਨਿਊਜ਼ੀਲੈਂਡ ਦੇ ਨਾਗਰਿਕ ਅਤੇ ਪਿਛਲੇ 3 ਸਾਲਾਂ ਵਿੱਚ ਨਿਊਜ਼ੀਲੈਂਡ ਵਿੱਚ ਰਹੇ ਹੋ, ਜਾਂ ਚੋਣਾਂ ਦੇ ਮਕਸਦਾਂ ਵਾਸਤੇ ਵਸਨੀਕ ਹੋ ਅਤੇ ਪਿਛਲੇ 12 ਮਹੀਨਿਆਂ ਵਿੱਚ ਨਿਊਜ਼ੀਲੈਂਡ ਵਿੱਚ ਰਹੇ ਹੋ।

17 ਸਾਲ ਦੇ ਹੋਣ 'ਤੇ ਤੁਸੀਂ ਨਾਮ ਦਰਜ ਕਰਾਉਣ ਲਈ ਅਰਜ਼ੀ ਦੇ ਸਕਦੇ ਹੋ।

ਜਦ ਤੁਹਾਡੀ ਉਮਰ 18 ਸਾਲ ਹੋ ਜਾਂਦੀ ਹੈ ਤਾਂ ਤੁਹਾਡਾ ਨਾਮ ਆਪਣੇ ਆਪ ਹੀ ਦਰਜ ਕਰ ਲਿਆ ਜਾਵੇਗਾ ਅਤੇ ਤੁਸੀਂ ਵੋਟ ਪਾਉਣ ਲਈ ਤਿਆਰ ਹੋਵੋਗੇ।

## ਜੇ ਤੁਸੀਂ ਮਾਓਰੀ ਹੋ ਤਾਂ ਵੋਟ ਪਾਉਣ ਲਈ ਨਾਮ ਦਰਜ ਕਰਾਉਣਾ

ਜੇ ਤੁਸੀਂ ਮਾਓਰੀ ਮੂਲ ਦੇ ਹੋ ਅਤੇ ਪਹਿਲੀ ਵਾਰ ਨਾਮ ਦਰਜ ਕਰਾ ਰਹੇ ਹੋ, ਤਾਂ ਤੁਸੀਂ ਚੋਣ ਕਰਦੇ ਹੋ ਕਿ ਤੁਸੀਂ ਕਿਹੜੀ ਵੋਟਰ ਸੂਚੀ (electoral roll) ਵਿੱਚ ਹੋ: ਮਾਓਰੀ ਸੂਚੀ ਜਾਂ ਆਮ ਸੂਚੀ।

ਤੁਹਾਡੀ ਵੋਟਰ ਸੂਚੀ ਦੀ ਚੋਣ ਇਹ ਫੈਸਲਾ ਕਰਦੀ ਹੈ:

- ਤੁਸੀਂ ਕਿਸ ਚੋਣ-ਹਲਕੇ ਵਿੱਚ ਵੋਟ ਪਾਉਂਦੇ ਹੋ
- ਉਮੀਦਵਾਰ ਜਿਨ੍ਹਾਂ ਵਿੱਚੋਂ ਤੁਸੀਂ ਚੋਣ ਕਰ ਸਕਦੇ ਹੋ।

ਇੱਕ ਵਾਰ ਨਾਮ ਦਰਜ ਕਰਵਾ ਲੈਣ 'ਤੇ, ਤੁਸੀਂ ਕਿਸੇ ਵੀ ਸਮੇਂ ਉਸ ਸੂਚੀ ਨੂੰ ਬਦਲ ਸਕਦੇ ਹੋ ਜਿਸ 'ਤੇ ਤੁਹਾਡਾ ਨਾਮ ਹੈ, ਸਿਵਾਏ:

- ਆਮ ਚੋਣਾਂ ਤੋਂ ਪਹਿਲਾਂ ਦੇ 3 ਮਹੀਨਿਆਂ ਵਿੱਚ ਜਾਂ ਹਰ 3 ਸਾਲਾਂ ਬਾਅਦ ਹੋਣ ਵਾਲੀਆਂ ਸਥਾਨਕ ਚੋਣਾਂ ਵਿੱਚ
- ਕਿਸੇ ਪਾਰਲੀਮੈਂਟਰੀ ਉਪ-ਚੋਣ ਤੋਂ ਪਹਿਲਾਂ ਜੇ ਤਬਦੀਲੀ ਤੁਹਾਨੂੰ ਉਸ ਚੋਣ-ਖੇਤਰ ਵਿੱਚ ਭੇਜ ਦੇਵੇਗੀ ਜਿੱਥੇ ਉਪ-ਚੋਣ ਕਰਵਾਈ ਜਾ ਰਹੀ ਹੈ।

**ਤੁਹਾਡੀ ਸੂਚੀ ਦੀ ਚੋਣ ਦਾ ਤੁਹਾਡੇ ਲਈ ਕੀ ਮਤਲਬ ਹੈ?**

ਕਿਸੇ ਆਮ ਚੋਣਾਂ ਵਿੱਚ, ਜੇ ਤੁਸੀਂ ਆਮ ਸੂਚੀ ਦੀ ਚੋਣ ਕਰਦੇ ਹੋ, ਤਾਂ ਤੁਸੀਂ ਆਮ ਚੋਣ-ਹਲਕੇ ਵਿਚਲੇ ਕਿਸੇ ਉਮੀਦਵਾਰ ਨੂੰ ਵੋਟ ਪਾਓਗੇ। ਜੇ ਤੁਸੀਂ ਮਾਓਰੀ ਲੋਕਾਂ ਲਈ ਸੂਚੀ ਦੀ ਚੋਣ ਕਰਦੇ ਹੋ ਤਾਂ ਤੁਸੀਂ ਕਿਸੇ ਮਾਓਰੀ ਹਲਕੇ ਵਿਚਲੇ ਉਮੀਦਵਾਰ ਨੂੰ ਵੋਟ ਪਾਓਗੇ। ਚਾਹੇ ਤੁਸੀਂ ਜਿਸ ਵੀ ਸੂਚੀ 'ਤੇ ਹੋਵੋ, ਤੁਸੀਂ ਉਸੇ ਹੀ ਰਾਜਨੀਤਕ ਪਾਰਟੀਆਂ ਦੀ ਸੂਚੀ ਵਾਸਤੇ ਵੋਟ ਪਾ ਸਕਦੇ ਹੋ।

ਜਿਸ ਸੂਚੀ ਦੀ ਤੁਸੀਂ ਚੋਣ ਕਰਦੇ ਹੋ ਉਹ ਇਸ ਗੱਲ ਨੂੰ ਪ੍ਰਭਾਵਿਤ ਕਰ ਸਕਦਾ ਹੈ ਕਿ ਸਥਾਨਕ ਚੋਣਾਂ ਵਿੱਚ ਤੁਸੀਂ ਕਿਸਨੂੰ ਵੋਟ ਪਾ ਸਕਦੇ ਹੋ। ਜੇ ਤੁਸੀਂ ਮਾਓਰੀ ਸੂਚੀ ਦੀ ਚੋਣ ਕਰਦੇ ਹੋ, ਅਤੇ ਤੁਹਾਡੀ ਸਥਾਨਕ ਕਾਊਂਸਲ ਵਿੱਚ ਮਾਓਰੀ ਵਾਰਡ ਜਾਂ ਹਲਕਾ ਹੈ, ਤਾਂ ਤੁਸੀਂ ਮਾਓਰੀ ਵਾਰਡ ਜਾਂ ਹਲਕੇ ਵਿਚਲੇ ਉਮੀਦਵਾਰਾਂ ਨੂੰ ਵੋਟ ਪਾਓਗੇ। ਜੇ ਤੁਸੀਂ ਆਮ ਸੂਚੀ ਦੀ ਚੋਣ ਕਰਦੇ ਹੋ, ਤਾਂ ਤੁਸੀਂ ਆਮ ਵਾਰਡ ਜਾਂ ਹਲਕੇ ਵਿਚਲੇ ਉਮੀਦਵਾਰਾਂ ਨੂੰ ਵੋਟ ਪਾਓਗੇ।

## ਕੀ ਤੁਸੀਂ ਆਪਣੀ ਨਿੱਜੀ ਸੁਰੱਖਿਆ ਨੂੰ ਲੈਕੇ ਚਿੰਤਤ ਹੋ?

ਜੇ ਤੁਸੀਂ ਆਪਣੀ ਨਿੱਜੀ ਜਾਂ ਆਪਣੇ ਪਰਿਵਾਰ ਦੀ ਸੁਰੱਖਿਆ ਨੂੰ ਲੈਕੇ ਚਿੰਤਤ ਹੋ, ਤਾਂ ਤੁਸੀਂ ਗੁਪਤ ਅਣਪ੍ਰਕਾਸ਼ਿਤ ਸੂਚੀ ਵਿੱਚ ਨਾਮ ਦਰਜ ਕਰਾਉਣ ਲਈ ਅਰਜ਼ੀ ਦੇ ਸਕਦੇ ਹੋ। ਅਸੀਂ ਤੁਹਾਡੇ ਦਾਖਲੇ ਦੇ ਵੇਰਵੇ ਸੁਰੱਖਿਅਤ ਰੱਖਾਂਗੇ ਅਤੇ ਅਸੀਂ ਇਹ ਕਿਸੇ ਨੂੰ ਨਹੀਂ ਦੇਵਾਂਗੇ। ਜੇ ਤੁਹਾਡਾ ਨਾਮ ਅਣਪ੍ਰਕਾਸ਼ਿਤ ਸੂਚੀ ਵਿੱਚ ਹੈ, ਤਾਂ ਤੁਹਾਡੇ ਵੇਰਵੇ ਛਪੀਆਂ ਹੋਈਆਂ ਵੋਟਰ ਸੂਚੀਆਂ ਵਿੱਚ ਸ਼ਾਮਲ ਨਹੀਂ ਕੀਤੇ ਜਾਣਗੇ ਅਤੇ ਤੁਸੀਂ ਔਨਲਾਈਨ ਆਪਣੇ ਵੇਰਵਿਆਂ ਦੀ ਜਾਂਚ ਜਾਂ ਉਹਨਾਂ ਨੂੰ ਅੱਪਡੇਟ ਨਹੀਂ ਕਰ ਸਕੋਗੇ।

ਜਦੋਂ ਤੁਸੀਂ ਵੋਟ ਪਾਉਂਦੇ ਹੋ ਤਾਂ ਤੁਹਾਨੂੰ ਇੱਕ ਵਿਸ਼ੇਸ਼ ਵੋਟ ਭਰਨੀ ਪਵੇਗੀ ਅਤੇ ਆਪਣੇ ਵੋਟਿੰਗ ਪੇਪਰ ਦੇ ਨਾਲ ਇੱਕ ਵਾਧੂ ਫਾਰਮ ਭਰਨਾ ਪਵੇਗਾ ਤਾਂ ਜੋ ਉਸ ਵੋਟਰ ਖੇਤਰ ਦੀ ਪੁਸ਼ਟੀ ਕੀਤੀ ਜਾ ਸਕੇ ਜਿੱਥੇ ਤੁਸੀਂ ਵੋਟ ਪਾਉਣ ਲਈ ਨਾਮ ਦਰਜ ਕਰਵਾਇਆ ਹੈ। ਵਧੇਰੇ ਜਾਣਕਾਰੀ ਵਾਸਤੇ ਅਤੇ ਅਰਜ਼ੀ ਫਾਰਮ ਲਈ **vote.nz** 'ਤੇ ਜਾਓ ਜਾਂ **0800 36 76 56** 'ਤੇ ਕਾਲ ਕਰੋ।

## ਮੈਂ ਆਪਣਾ ਨਾਮ ਕਿਵੇਂ ਦਰਜ ਕਰਾਵਾਂ?

ਨਾਮ ਦਰਜ ਕਰਾਉਣਾ ਜਾਂ ਆਪਣੇ ਵੇਰਵੇ ਅੱਪਡੇਟ ਕਰਨਾ ਆਸਾਨ ਹੈ। ਤੁਸੀਂ:

- ਔਨਲਾਈਨ **vote.nz** 'ਤੇ ਆਪਣੇ ਨਿਊਜ਼ੀਲੈਂਡ ਡਰਾਈਵਰ ਲਾਇਸੈਂਸ, ਨਿਊਜ਼ੀਲੈਂਡ ਪਾਸਪੋਰਟ ਜਾਂ RealMe ਪ੍ਰਮਾਣਿਤ ਪਛਾਣ ਦੀ ਵਰਤੋਂ ਕਰਕੇ ਨਾਮ ਦਰਜ ਕਰਵਾਓ
- **0800 36 76 56** 'ਤੇ ਮੁਫ਼ਤ ਕਾਲ ਕਰਕੇ ਤੁਹਾਨੂੰ ਇੱਕ ਦਾਖਲਾ ਫਾਰਮ ਭੇਜੇ ਜਾਣ ਦੀ ਬੇਨਤੀ ਕਰ ਸਕਦੇ ਹੋ।

ਇੱਕ ਵਾਰ ਪੂਰਾ ਕਰਨ ਤੋਂ ਬਾਅਦ, ਫਾਰਮ ਉੱਤੇ ਦਸਤਖਤ ਕਰੋ ਅਤੇ ਸਾਨੂੰ ਵਾਪਸ ਭੇਜ ਦਿਓ। ਜਦ ਤੁਹਾਡਾ ਨਾਮ ਦਰਜ ਹੋ ਜਾਂਦਾ ਹੈ, ਤਾਂ ਤੁਹਾਡਾ ਨਾਮ ਵੋਟਰ ਸੂਚੀ 'ਤੇ ਚਲਾ ਜਾਵੇਗਾ। ਵੋਟਰ ਸੂਚੀ ਉਹਨਾਂ ਲੋਕਾਂ ਦੀ ਸੂਚੀ ਹੁੰਦੀ ਹੈ ਜੋ ਚੋਣਾਂ ਵਿੱਚ ਵੋਟ ਪਾ ਸਕਦੇ ਹਨ। ਵੋਟ ਪਾਉਣ ਲਈ ਤੁਹਾਡਾ ਨਾਮ ਵੋਟਰ ਸੂਚੀ 'ਤੇ ਹੋਣਾ ਲਾਜ਼ਮੀ ਹੈ।

ਯਕੀਨੀ ਬਣਾਓ ਕਿ ਸਾਡੇ ਕੋਲ ਤੁਹਾਡਾ ਈਮੇਲ ਪਤਾ ਅਤੇ ਤੁਹਾਡਾ ਮੋਬਾਈਲ ਨੰਬਰ ਹੋਵੇ ਤਾਂ ਜੋ ਅਸੀਂ ਨਾਮ ਦਰਜ ਕਰਾਉਣ ਅਤੇ ਵੋਟ ਪਾਉਣ ਬਾਰੇ ਤੁਹਾਡੇ ਨਾਲ ਸੰਪਰਕ ਕਰ ਸਕੀਏ।

ਜਦੋਂ ਤੁਸੀਂ ਪਹਿਲੀ ਵਾਰ ਨਾਮ ਦਰਜ ਕਰਾਉਂਦੇ ਹੋ ਜਾਂ ਆਪਣੇ ਕਿਸੇ ਵੀ ਵੇਰਵੇ ਨੂੰ ਅੱਪਡੇਟ ਕਰਦੇ ਹੋ, ਤਾਂ ਇਹ ਜਾਂਚ ਕਰਨ ਲਈ ਕਿ ਤੁਹਾਡੇ ਵੇਰਵੇ ਸਹੀ ਹਨ ਅਸੀਂ ਤੁਹਾਨੂੰ ਚਿੱਠੀ ਜਾਂ ਈਮੇਲ ਭੇਜਾਂਗੇ।

## ਕੀ ਤੁਹਾਨੂੰ ਨਾਮ ਦਰਜ ਕਰਵਾਉਣ ਵਿੱਚ ਮਦਦ ਚਾਹੀਦੀ ਹੈ?

ਤੁਸੀਂ ਆਪਣੇ ਕਿਸੇ ਜਾਣਕਾਰ, ਜਿਵੇਂ ਕਿ ਕਿਸੇ ਦੋਸਤ ਜਾਂ ਪਰਿਵਾਰਕ ਮੈਂਬਰ ਨੂੰ ਦਾਖਲਾ ਫਾਰਮ ਭਰਨ ਵਿੱਚ ਤੁਹਾਡੀ ਮਦਦ ਕਰਨ, ਜਾਂ ਤੁਹਾਡੇ ਲਈ ਤੁਹਾਡਾ ਫਾਰਮ ਭਰਨ ਲਈ ਕਹਿ ਸਕਦੇ ਹੋ।

ਤੁਹਾਨੂੰ ਫਾਰਮ 'ਤੇ ਦਸਤਖਤ ਕਰਨ ਦੀ ਲੋੜ ਹੁੰਦੀ ਹੈ।

ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਕਿਸੇ ਸਰੀਰਕ ਜਾਂ ਮਾਨਸਿਕ ਵਿਕਾਰ ਕਰਕੇ ਆਪਣਾ ਦਾਖਲਾ ਫਾਰਮ ਖੁਦ ਨਹੀਂ ਭਰ ਸਕਦਾ ਅਤੇ ਦਸਤਖਤ ਨਹੀਂ ਕਰ ਸਕਦਾ, ਤਾਂ ਤੁਸੀਂ ਸ਼ਾਇਦ ਮਦਦ ਕਰ ਸਕਦੇ ਹੋ।

## ਕੀ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ?

ਨਾਮ ਦਰਜ ਕਰਾਉਣ ਅਤੇ ਵੋਟ ਪਾਉਣ ਬਾਰੇ ਹੋਰ ਜਾਣਕਾਰੀ ਵਾਸਤੇ:

- ਦੇਖੋ: **vote.nz**
- ਕਾਲ ਕਰੋ: **0800 36 76 56**

ਨਾਮ ਦਰਜ ਕਰਾਉਣ ਅਤੇ ਵੋਟ ਪਾਉਣ ਬਾਰੇ ਜਾਣਕਾਰੀ **vote.nz** 'ਤੇ ਕਈ ਭਾਸ਼ਾਵਾਂ ਵਿੱਚ ਅਤੇ ਵਿਕਲਪਕ ਵੰਨਗੀਆਂ (ਫਾਰਮੈਟਾਂ) ਵਿੱਚ ਵੀ ਉਪਲਬਧ ਹੈ।

ELECTORAL COMMISSION
TE KAITIAKI TAKE KŌWHIRI